# ਪਰਮੇਸ਼ੁਰ ਦੇ ਵਚਨ ਦੀ ਉਵੇਂ ਭਾਲ ਕਰੋ ਜਿਵੇਂ ਬਰਿਯਾ ਦੇ ਲੋਕਾਂ ਨੇ ਕੀਤੀ
# ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਨਾ ਅਤੇ ਲਾਗੂ ਕਰਨਾ ਸਿੱਖੋ

ਜਿਹੜੇ ਲੋਕ ਬੱਚਿਆਂ ਨੂੰ ਸਿੱਖਿਆ ਦੇਂਦੇ ਹਨ, ਉਨ੍ਹਾਂ ਨੂੰ B2b ਦਾ ਅਧਿਐਨ ਕਰਨਾ ਚਾਹੀਦਾ ਹੈ।

ਪ੍ਰਾਰਥਨਾ: "ਸਾਡੇ ਸਵਰਗੀ ਪਿਤਾ, ਕਿਰਪਾ ਕਰਕੇ ਸਾਨੂੰ ਆਪਣੇ ਵਚਨ ਦੀ ਸਹੀ ਢੰਗ ਨਾਲ ਵਿਆਖਿਆ ਕਰਨ ਵਿੱਚ, ਅਤੇ ਇਸ ਨੂੰ ਆਪਣੇ ਦਿਲਾਂ ਵਿੱਚ ਸੰਭਾਲ ਕੇ ਰੱਖਣ ਵਿੱਚ ਸਾਡੀ ਮਦਦ ਕਰ।"



ਅਜਿਹੀਆਂ ਗਤੀਵਿਧੀਆਂ ਚੁਣੋ ਜਿਹੜੀਆਂ ਵਰਤਮਾਨ ਲੋੜਾਂ ਅਤੇ ਰੀਤੀ ਰਿਵਾਜਾਂ ਲਈ ਢੁੱਕਵੀਆਂ ਹਨ।

**1.** ਪਰਮੇਸ਼ੁਰ ਦੇ ਵਚਨ ਨਾਲ ਆਪਣੇ ਦਿਲ ਅਤੇ ਦਿਮਾਗ ਨੂੰ ਤਿਆਰ ਕਰੋ।

ਰਸੂਲਾਂ ਦੇ ਕਰਤੱਬ **17:10-12** ਵਿੱਚ ਦੋ ਤਰੀਕੇ ਲੱਭੋ, ਜਿੰਨਾਂ ਨਾਲ ਬਰਿਯਾ ਦੇ ਲੋਕਾਂ ਨੇ ਖੁਸ਼ਖਬਰੀ ਪ੍ਰਤੀ ਜਵਾਬ ਦਿੱਤਾ।

**1 ਪਤਰਸ 1:14-22** ਵਿੱਚ ਉਨ੍ਹਾਂ ਬਹੁਤ ਸਾਰੀਆਂ ਗੱਲਾਂ ਨੂੰ ਲੱਭੋ ਜਿਹੜੀਆਂ ਪਰਮੇਸ਼ੁਰ ਦੀ ਸੱਚਾਈ ਨੂੰ ਸਾਡੇ ਜੀਵਨਾਂ ਵਿੱਚ ਉਤਪੰਨ ਕਰਦੀਆਂ ਹਨ।

**1 ਪਤਰਸ 1:24-25** ਵਿੱਚ ਲੱਭੋ ਕਿ ਪਰਮੇਸ਼ੁਰ ਦਾ ਵਚਨ ਸਾਡੇ ਵਿੱਚ ਕਿੰਨੀ ਦੇਰ ਤੱਕ ਰਹਿੰਦਾ ਹੈ?


**2 ਤਿਮੋਥਿਉਸ 3:10-17** ਵਿੱਚ ਲੱਭੋ ਕਿ ਪੌਲੁਸ ਨੇ ਤਿਮੋਥਿਉਸ ਨੂੰ ਕੀ ਲਿਖਿਆ?

- ਤਿਮੋਥਿਉਸ ਨੇ ਪੌਲੁਸ ਦੇ ਜੀਵਨ ਵਿੱਚ ਕਿਹੜੀਆਂ ਗੱਲਾਂ ਵੇਖੀਆਂ, ਜਿਨ੍ਹਾਂ ਤੋਂ ਉਸਨੂੰ ਬਹੁਮੁੱਲੀ ਸਿੱਖਿਆ ਮਿਲੀ? *10-13 ਆਇਤਾਂ ਵੇਖੋ।*
- ਤਿਮੋਥਿਉਸ ਆਪਣੇ ਬਚਪਨ ਤੋਂ ਕਿਹੜੀ ਗੱਲ ਜਾਣਦਾ ਸੀ, ਜਿਸਨੇ ਯਿਸੂ ਵਿੱਚ ਨਿਹਚਾ ਦੁਆਰਾ ਉਸਦੀ ਮੁਕਤੀ ਨੂੰ ਨਿਸ਼ਚਿਤ ਕਰ ਦਿੱਤਾ ਸੀ? *14-15 ਆਇਤਾਂ ਵੇਖੋ*
- ਬਾਈਬਲ ਦੇ ਲੇਖਕਾਂ ਨੂੰ ਕਿਸਨੇ ਪ੍ਰੇਰਿਤ ਕੀਤਾ? *16 ਆਇਤ ਵੇਖੋ*
- ਦੂਜਿਆਂ ਦੀ ਮਦਦ ਕਰਨ ਲਈ ਸਾਨੂੰ ਬਾਈਬਲ ਦਾ ਪ੍ਰਯੋਗ ਕਿੰਨਾਂ ਢੰਗਾਂ ਨਾਲ ਕਰਨਾ ਚਾਹੀਦਾ ਹੈ? *ਫਿਰ 16 ਆਇਤ ਵੇਖੋ।*
- ਕਿਸ ਮਕਸਦ ਲਈ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸਦੇ ਵਚਨ ਦਾ ਅਧਿਐਨ ਕਰੀਏ ਅਤੇ ਇਸਨੂੰ ਲਾਗੂ ਕਰੀਏ? *17 ਆਇਤ ਵੇਖੋ* ।

**2 ਤਿਮੋਥਿਉਸ 4:1-5** ਵਿੱਚ ਜਵਾਨ ਚਰਵਾਹਿਆਂ ਲਈ ਬਹੁਤ ਸਾਰੇ ਕੰਮ ਲੱਭੋ। *ਆਇਤ 2 ਅਤੇ 5 ਵੇਖੋ* ।

**2.** ਸਹਿਕਰਮੀਆਂ ਨਾਲ ਮਿਲਕੇ ਹਫ਼ਤੇ ਦੌਰਾਨ ਕਰਨ ਵਾਲੇ ਕੰਮਾਂ ਦੀ ਯੋਜਨਾ ਬਣਾਓ

- ਵਿਸ਼ਵਾਸੀਆਂ ਨੂੰ ਖੁੱਦ ਬਾਈਬਲ ਦਾ ਅਧਿਐਨ ਕਰਨ ਵਾਸਤੇ ਮਦਦ ਕਰਨ ਲਈ ਉਨ੍ਹਾਂ ਦੇ ਕੋਲ ਜਾਓ। ਉਦਾਹਰਣ:
- ਮੰਡਲੀ ਵਿੱਚ ਛੋਟੇ ਸਮੂਹਾਂ ਅਤੇ ਪਰਿਵਾਰਾਂ ਨੂੰ ਮਿਲਕੇ ਬਾਈਬਲ ਦਾ ਅਧਿਐਨ ਕਰਨ ਵਿੱਚ ਉਨ੍ਹਾਂ ਦੀ ਮਦਦ ਕਰੋ।
- ਵਿਸ਼ਵਾਸੀਆਂ ਨੂੰ ਇਕ ਦੂਜੇ ਕੋਲੋਂ ਜੋ ਉਨ੍ਹਾਂ ਆਪਣੇ ਅਧਿਐਨ ਤੋਂ ਸਿੱਖਿਆ ਹੈ, ਪੁੱਛਣ ਲਈ ਉਤਸਾਹਿਤ ਕਰੋ।




**3.** ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੇ ਅਰਾਧਨਾ ਸਮੇਂ ਬਾਰੇ ਯੋਜਨਾ ਬਣਾਓ

ਪ੍ਰਾਰਥਨਾ ਕਰੋ ਕਿ, ਪਰਮੇਸ਼ੁਰ ਪਵਿੱਤਰ ਆਤਮਾ ਦੀ ਸਮਰੱਥਾ ਦੁਆਰਾ ਉਸਦੇ ਵਚਨ ਨਾਲ ਗੱਲਬਾਤ ਕਰੇ, ਅਤੇ ਉਸੇ ਵੇਲੇ ਸਾਨੂੰ ਉਹ ਲਾਗੂ ਕਰਨ ਵਿੱਚ ਮਦਦ ਕਰੇ ਜੋ ਅਸੀਂ ਸੁਣਦੇ ਹਾਂ।

ਰਸੂਲਾਂ ਦੇ ਕਰਤੱਬ 17:10-12 ਪੜ੍ਹੋ।

- ਸਭ ਤੋਂ ਪਹਿਲਾਂ, ਸਾਰਿਆਂ ਨੂੰ ਸੁਣਨ ਲਈ ਕਹੋ ਕਿ ਬਰਿਯਾ ਦੇ ਲੋਕਾਂ ਨੇ ਖੁਸ਼ਖਬਰੀ ਪ੍ਰਤੀ ਕਿਵੇਂ ਜਵਾਬ ਦਿੱਤਾ, ਉਸ ਨੂੰ ਲੱਭਣ ਲਈ ਕਹੋ।
- ਦੱਸੋ ਕਿ ਸਾਨੂੰ ਵੀ ਬਰਿਯਾ ਦੇ ਲੋਕਾਂ ਦੀ ਤਰ੍ਹਾਂ ਪਰਮੇਸ਼ੁਰ ਦੇ ਵਚਨ ਨੂੰ ਜਾਂਚਣਾ ਚਾਹੀਦਾ ਹੈ।

ਸਾਨੂੰ ਸੁਸਤੀ ਨਾਲ ਨਹੀਂ ਸੁਣਨਾ ਸਗੋਂ ਚੁਸਤੀ ਨਾਲ ਇਸਦੇ ਸੋਨੇ ਦੀ ਖਾਣ ਪੁੱਟਣੀ ਚਾਹੀਦੀ ਹੈ। ਸਾਨੂੰ ਖ਼ੁਦ ਪਹਿਲ ਕਰਕੇ ਵਚਨ ਨੂੰ ਉਤਸੁਕਤਾ ਨਾਲ ਜਾਂਚਣਾ ਚਾਹੀਦਾ ਹੈ। ਹੇਠਾਂ ਦਿੱਤੇ ਕੁਝ ਕਦਮ ਹਨ ਜੋ ਸਾਡੀ ਮਦਦ ਕਰਦੇ ਹਨ:

ਦੱਸੋ ਕਿ ਅਸੀਂ ਕਿਵੇਂ ਬਾਈਬਲ ਨੂੰ ਆਪਣੇ ਆਪ ਲਈ ਬੋਲਣ ਦੇਣਾ ਹੈ। ਅਗਵਾਈ ਲਈ ਪ੍ਰਾਰਥਨਾ ਕਰਨ ਤੋਂ ਬਾਅਦ, ਚਾਰ ਗੱਲਾਂ ਕਰੋ:

1) ਹਰ ਸ਼ਬਦ ਅਤੇ ਵਾਕ ਨੂੰ ਸਮਝਦੇ ਹੋਏ, ਪਵਿੱਤਰ ਵਚਨ ਦੇ ਪੈਰ੍ਹੇ ਦੇ ਵਿਵਰਨ ਨੂੰ ਜਾਂਚੋ।

2) ਜੇਕਰ ਅਰਥ ਸਪੱਸ਼ਟ ਨਹੀਂ ਹੈ ਤਾਂ ਪੈਰ੍ਹੇ ਦੇ ਪ੍ਰਸੰਗ ਅਤੇ ਵਾਤਾਵਰਣ ਨੂੰ ਜਾਂਚੋ:

- ਇਹ ਕਿਸ ਨੂੰ ਲਿਖਿਆ ਗਿਆ?
- ਕਿਸਨੇ ਲਿਖਿਆ ਅਤੇ ਕਿਉਂ?
- ਅਧਿਆਏ ਦੀਆਂ ਅਗਲੀਆਂ ਅਤੇ ਪਿਛਲੀਆਂ ਆਇਤਾਂ ਕੀ ਦੱਸਦੀਆਂ ਹਨ ਜੋ ਇਸਦੇ ਅਰਥ ਨੂੰ ਸਪੱਸ਼ਟ ਕਰਦੀਆਂ ਹਨ?
- ਇਤਿਹਾਸਿਕ ਮੌਕਾ ਕੀ ਹੈ?
- ਇਹ ਕਦੋਂ ਲਿਖਿਆ ਗਿਆ?

(ਜੇਕਰ ਇਹ ਮਸੀਹ ਦੇ ਆਉਣ ਤੋਂ ਪਹਿਲਾਂ ਪੁਰਾਣੇ ਨੇਮ ਵਿੱਚ ਲਿਖਿਆ ਗਿਆ ਹੈ, ਤਾਂ ਪੁਰਾਤਨ ਇਸਰਾਏਲ ਲਈ ਨਿਯਮ ਲੱਭਣ ਦੀ ਉਮੀਦ ਕਰੋ ਜੋ ਨਵੇਂ ਨੇਮ ਵਿੱਚ ਤੁਹਾਡੀ ਮੰਡਲੀ ਤੇ ਲਾਗੂ ਨਹੀਂ ਹੁੰਦੇ।)

- ਪਰਮੇਸ਼ੁਰ ਇਸ ਪੈਰ੍ਹੇ ਵਿੱਚ ਸਾਨੂੰ ਕੀ ਕਰਨ ਲਈ ਕਹਿ ਰਿਹਾ ਹੈ?

ਮਹੱਤਵਪੂਰਨ :

3) ਇੰਨਾਂ ਵਿਵਰਨਾਂ ਵਿੱਚੋਂ ਮੁੱਖ ਸੱਚਾਈਆਂ ਅਤੇ ਲਾਗੂ ਕਰਨ ਵਾਲੀਆਂ ਗੱਲਾਂ ਦਾ ਨਿਚੋੜ ਕੱਢੋ।

4) ਜੋ ਤੁਸੀਂ ਲੱਭਿਆ ਹੈ ਉਸਨੂੰ ਲਾਗੂ ਕਰੋ।

ਸਾਨੂੰ ਪਵਿੱਤਰ ਵਚਨ ਦੇਣ ਲਈ ਪਰਮੇਸ਼ੁਰ ਦਾ ਧੰਨਵਾਦ ਕਰੋ।

ਵਿਸ਼ਵਾਸੀਆਂ ਨੂੰ **ਗਵਾਹੀ** ਦੇਣ ਅਤੇ ਵੇਰਵਾ ਦੇਣ ਲਈ ਕਹੋ ਕਿ ਕਿਵੇਂ ਉਨ੍ਹਾਂ ਨੇ ਪਰਮੇਸ਼ੁਰ ਦੇ ਵਚਨ ਦੇ ਅਧਿਐਨ ਦੁਆਰਾ ਬਰਕਤ ਪਾਈ ਹੈ।

ਪਵਿੱਤਰ ਵਚਨ ਦੀ ਵਿਆਖਿਆ ਕਰਨ ਬਾਰੇ ਸਕਿਟ ਪੇਸ਼ ਕਰੋ:

**ਸ੍ਰੀਮਾਨ ਰਿਵਾਜ** : ਵੇਖੋ 'ਸ੍ਰੀਮਾਨ ਨਵਾਂ ਵਿਸ਼ਵਾਸੀ' ਕੁਝ ਪਲ ਲਈ ਪਵਿੱਤਰ ਵਚਨ ਪੜ੍ਹਦਾ ਹੈ, ਫਿਰ ਇਹ ਉਸ ਕੋਲੋਂ ਖੋਹ ਲਵੋ। ਕਹੋ, "ਤੂੰ ਆਪਣੇ ਆਪ ਪਵਿੱਤਰ ਵਚਨ ਨਹੀਂ ਸਮਝ ਸਕਦਾ, ਇਹ ਲੈ ਇਸ ਦੀ ਬਜਾਏ ਤੇਰੇ ਪੜ੍ਹਨ ਲਈ ਕੁਝ ਆਧੁਨਿਕ ਪੁਸਤਕਾਂ!"

**ਸ੍ਰੀਮਾਨ ਨਵਾਂ ਵਿਸ਼ਵਾਸੀ**: ਆਪਣੀ ਕਮੀਜ਼ ਵਿੱਚੋਂ ਇਕ ਹੋਰ ਬਾਈਬਲ ਕੱਢੇ। ਕਹੇ, "ਨਹੀਂ। ਆਪਣੀਆਂ ਪੁਸਤਕਾਂ ਆਪਣੇ ਕੋਲ ਰੱਖ। ਮੈਂ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਕੇ, ਯਾਦ ਕਰਕੇ ਅਤੇ ਇਸਦੀ ਆਗਿਆ ਮੰਨ ਕੇ ਇਸ ਨੂੰ ਆਪਣੇ ਦਿਲ ਵਿੱਚ ਲੁਕਾ ਕੇ ਰੱਖਿਆ ਹੈ। ਇਸ ਲਈ ਮੈਂ ਜਾਣਦਾ ਹਾਂ ਕਿ ਹੋਰ ਕੋਈ ਪੁਸਤਕ ਨਹੀਂ ਪਰ ਪਵਿੱਤਰ ਆਤਮਾ ਮੈਨੂੰ ਜੀਵਨ ਦੇਣ ਲਈ ਪਵਿੱਤਰ ਵਚਨ ਦਾ ਪ੍ਰਯੋਗ ਕਰਦਾ ਹੈ।"

**ਸ੍ਰੀਮਾਨ ਰਿਵਾਜ**: "ਸਿਰਫ ਜਾਜਕ ਜਿਨ੍ਹਾਂ ਨੇ ਪੁਰਾਤਨ ਦਸਤਾਵੇਜ ਦੀ ਵਿਆਖਿਆ ਕਰਨ ਦੇ ਆਧੁਨਿਕ ਤਰੀਕਿਆਂ ਦਾ ਅਧਿਐਨ ਕੀਤਾ ਹੈ ਉਹੀ ਇਹ ਸਮਝ ਸਕਦੇ ਹਨ।"

**ਸ੍ਰੀਮਾਨ ਨਵਾਂ ਵਿਸ਼ਵਾਸੀ**: "ਸਾਡੇ ਸਮੂਹ ਦੇ ਚਰਵਾਹੇ ਨੇ ਸਾਨੂੰ ਸਿਖਾਇਆ ਹੈ ਕਿ ਕੋਈ ਵਿਸ਼ਵਾਸੀ ਵੀ ਪਰਮੇਸ਼ੁਰ ਦੇ ਵਚਨ ਨੂੰ ਸਮਝ ਸਕਦਾ ਹੈ, ਜੇਕਰ ਉਹ ਪ੍ਰਾਰਥਨਾ ਕਰੇ ਅਤੇ ਵਿਆਖਿਆ ਕਰਨ ਦੇ ਸਰਲ ਨਿਯਮਾਂ ਦੀ ਪਾਲਣਾ ਕਰੇ।"


**ਬੱਚਿਆਂ** ਨੂੰ ਉਹ ਕਵਿਤਾ ਜਾਂ ਨਾਟਕ ਜਿਹੜਾ ਉਨ੍ਹਾਂ ਤਿਆਰ ਕੀਤਾ ਹੈ, ਪੇਸ਼ ਕਰਨ ਲਈ ਕਹੋ। ਬੱਚੇ, ਬਾਲਗਾਂ ਕੋਲੋਂ ਉਨ੍ਹਾਂ ਦੇ ਨਾਟਕ ਦੇ ਵਿਸ਼ੇ ਵਿੱਚ ਉਨ੍ਹਾਂ ਦੁਆਰਾ ਤਿਆਰ ਕੀਤੇ ਪ੍ਰਸ਼ਨ ਵੀ ਪੁੱਛ ਸਕਦੇ ਹਨ।

ਉਨ੍ਹਾਂ ਗਤੀਵਿਧੀਆਂ ਬਾਰੇ **ਸੂਚਿਤ ਕਰੋ** ਜਿਹੜੀਆਂ ਤੁਸੀਂ ਹਫਤੇ ਦੇ ਦੌਰਾਨ, ਪਰਿਵਾਰਾਂ ਲਈ ਅਤੇ ਛੋਟੇ ਸਮੂਹਾਂ ਲਈ ਬਾਈਬਲ ਦਾ ਅਧਿਐਨ ਕਰਨ ਲਈ ਹਫ਼ਤੇ ਦੇ ਦੌਰਾਨ ਕਰਨ ਦੀ ਯੋਜਨਾ ਬਣਾਈ ਸੀ।

ਦੋ ਜਾਂ ਤਿੰਨ ਲੋਕਾਂ ਦੇ **ਸਮੂਹਾਂ** ਵਿੱਚ ਇਕ ਦੂਜੇ ਦੀ ਮਦਦ ਕਰੋ। ਪ੍ਰਾਰਥਨਾ ਕਰੋ, ਯੋਜਨਾਵਾਂ ਦੀ ਪੁਸ਼ਟੀ ਅਤੇ ਇਕ ਦੂਜੇ ਨੂੰ ਉਤਸਾਹਿਤ ਕਰੋ।

**ਪ੍ਰਭੂ ਭੋਜ ਸ਼ੁਰੂ ਕਰਨ ਲਈ** ਕੂਚ 12 ਅਧਿਆਏ ਦੀਆਂ 3, 7-8 ਆਇਤਾਂ ਪੜ੍ਹੋ। ਸੰਖੇਪ ਰੂਪ ਵਿੱਚ ਪਹਿਲੇ ਪਸਾਹ ਦੇ ਪਰਬ ਬਾਰੇ ਦੱਸੋ, ਜਿਸ ਵਿੱਚ ਯਿਸੂ ਨੇ ਨਵਾਂ ਅਰਥ ਜੋੜ ਦਿੱਤਾ ਜਦੋਂ ਉਸਨੇ ਇਹ ਸਭ ਤੋਂ ਪਵਿੱਤਰ ਰੀਤ ਨੂੰ ਸ਼ੁਰੂ ਕੀਤਾ। ਯਿਸੂ ਪਰਮੇਸ਼ੁਰ ਦਾ ਲੇਲਾ ਹੈ, ਜਿਹੜਾ ਸਾਨੂੰ ਪਾਪ ਅਤੇ ਮੌਤ ਤੋਂ ਅਜ਼ਾਦ ਕਰਵਾਉਣ ਲਈ ਕੁਰਬਾਨ ਕੀਤਾ ਗਿਆ।

ਇਕੱਠੇ ਮਿਲਕੇ 2 ਤਿਮੋਥਿਉਸ 3:16-17 **ਯਾਦ ਕਰੋ**।



Copyright 2004 © by Paul-Timothy. May be freely copied. Download from www.Paul-Timothy.net